# CIVIL SOCIETY AGAINST DRUGS

C-253, Defence Colony, New Delhi -110024. Phone : 24336488
Email : mail@cadpunjab.com

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ 9.2.2012
ਜੱਥੇਦਾਰ ਅਕਾਲ ਤਖਤ ਸਾਹਿਬ ਜੀ
ਹਰਿਮੰਦਰ ਸਾਹਿਬ, ਅੰਮ੍ਰਿਤਸਰ

ਸਤਿਕਾਰਯੋਗ ਸਿੰਘ ਸਾਹਿਬ ਜੀ

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

ਅਸੀਂ ਆਪ ਜੀ ਦੇ ਬਹੁਤ ਧੰਨਵਾਦੀ ਹਾਂ ਜੋ ਆਪ ਜੀ ਨੇ ਨਸ਼ਿਆਂ ਦੇ ਖਿਲਾਫ ਕੱਢੀ ਗਈ ਯਾਤਰਾ ਦੀ 13 ਜਨਵਰੀ, 2012 ਨੂੰ ਅਰਦਾਸ ਕਰਕੇ ਸ਼ੁਰੂਆਤ ਕੀਤੀ। ਇਸ ਯਾਤਰਾ ਨੇ ਪੰਜਾਬ ਦੇ 13 ਜ਼ਿਲ੍ਹਿਆਂ ਦੇ ਵਿੱਚ ਹੋ ਕੇ ਤਕਰੀਬਨ 800 ਕਿਲੋਮੀਟਰ ਦਾ ਸਫਰ ਤੈਅ ਕੀਤਾ। ਇਸ ਯਾਤਰਾ ਦੇ ਨਾਲ ਨਸ਼ਿਆਂ ਦੇ ਖਿਲਾਫ ਬੜੀ ਜਾਗਰੂਕਤਾ ਹੋਈ ਅਤੇ ਚੋਣਾਂ ਦੇ ਵਿੱਚ ਨਸ਼ੇ ਵੰਡਣ ਵਿੱਚ ਕਾਫੀ ਠੱਲ ਪਈ।

ਇਹ ਬੜੀ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ ਵਿੱਚ ਨਸ਼ੇ ਇੰਨੇ ਵੱਡੇ ਪੱਧਰ ਤੇ ਫੈਲ ਚੁੱਕੇ ਹਨ ਜਿਸ ਕਾਰਣ ਆਮ ਤੌਰ ਤੇ ਨਸ਼ਿਆਂ ਨੂੰ ਪੰਜਾਬ ਦਾ 6ਵਾਂ ਦਰਿਆ ਕਿਹਾ ਜਾਂਦਾ ਹੈ। ਲਗਭਗ ਹਰ ਰੋਜ਼ ਅਖਬਾਰ ਨਸ਼ੇ ਦੀਆਂ ਖਬਰਾਂ ਨਾਲ ਭਰੇ ਹੋਏ ਹੁੰਦੇ ਹਨ, ਕਿਤੇ ਕੋਈ ਪਿਓ ਨਸ਼ਿਆਂ ਕਰਕੇ ਆਪਣੇ ਪੁੱਤਰ ਨੂੰ ਮਾਰ ਰਿਹਾ ਹੈ, ਕਿਤੇ ਪੁੱਤਰ ਪਿਓ ਨੂੰ ਮਾਰ ਰਿਹਾ ਹੈ। ਕਿਤੇ ਨੌਜਵਾਨ ਖੁਦਕੁਸ਼ੀ ਕਰ ਰਹੇ ਹਨ ਅਤੇ ਕਿਤੇ ਨਸ਼ਿਆਂ ਦੇ ਕਰਕੇ ਐਕਸੀਡੇਂਟ ਹੁੰਦੇ ਹਨ ਜਿਨ੍ਹਾਂ ਵਿਚ ਕਈ ਜਾਨਾਂ ਜਾਂਦੀਆਂ ਹਨ। ਅਸੀ 'ਨਸ਼ਾ ਛੁਡਾਊ ਕੇਂਦਰਾਂ' ਤੋਂ ਜਾਣਕਾਰੀ ਇੱਕਤਰ ਕੀਤੀ ਹੈ ਜਿਸ ਦੇ ਮੁਤਾਬਿਕ ਇਹ ਸਾਹਮਣੇ ਆਇਆ ਹੈ ਕਿ ਨਸ਼ਿਆਂ ਦੇ ਆਦੀ ਹੋਏ ਨੌਜ਼ਵਾਨਾਂ ਵਿਚੋਂ 75 ਫੀਸਦੀ ਸਿੱਖ ਪਰਿਵਾਰਾਂ ਦੇ ਹਨ। ਇਹ ਕੌਮ ਲਈ ਬੜੀ ਸ਼ਰਮਨਾਕ ਗੱਲ ਹੈ।

ਇੱਕ ਮਿਸ਼ਾਲ ਤਾਂ ਅਮ੍ਰਿਤਸਰ ਸ਼ਹਿਰ ਵਿਚ ਦਰਬਾਰ ਸਾਹਿਬ ਤੋਂ ਤਕਰੀਬਨ 8 ਕਿਲੋਮੀਟਰ ਦੀ ਦੂਰੀ ਤੇ ਮਕਬੂਲਪੁਰਾ ਇਲਾਕੇ ਦੀ ਹੈ ਜਿਸ ਵਿਚ ਲਗਭਗ ਹਰ ਘਰ ਨਸ਼ਿਆਂ ਦਾ ਸ਼ਿਕਾਰ ਹੈ । ਸ਼ਾਇਦ ਦੇਸ਼ ਭਰ ਵਿਚ ਇਹ ਕਾਲੋਨੀ ਨਸ਼ਿਆਂ ਵਿਚ ਪਹਿਲੇ ਨੰਬਰ ਤੇ ਆਉਂਦੀ ਹੈ। ਇਨਾਂ ਪਰਿਵਾਰਾਂ ਵਿਚੋਂ 650 ਬੱਚੇ ਅੱਜ ਪੜ੍ਹਨਾ ਚਾਹੁੰਦੇ ਹਨ ਪਰ ਇਹਨਾ ਕੋਲ ਪੜ੍ਹਨ ਦੀ ਕੋਈ ਚੰਗੀ ਸੁਵਿਧਾ ਨਹੀ ਹੈ। ਇਸ ਕਾਲੋਨੀ ਵਿਚ ਤਕਰੀਬਨ 65 ਤੋਂ 70 ਫੀਸਦੀ ਸਿੱਖ ਪਰਿਵਾਰ ਹਨ।

ਗੁਰੂ ਸਾਹਿਬਾਂ ਨੇ ਸਿੱਖ ਕੌਮ ਨੂੰ ਸਰਬਤ ਦੇ ਭਲੇ ਦਾ ਉਪਦੇਸ਼ ਦਿੱਤਾ ਸੀ। ਸਿੱਖ ਕੌਮ ਦਾ ਇਹ ਫਰਜ਼ ਬਣਦਾ ਹੈ ਕਿ ਨਸ਼ਿਆਂ ਨੂੰ ਪੰਜਾਬ ਤੋਂ ਖਤਮ ਕਰਣ ਲਈ ਇੱਕ ਜ਼ੋਰਦਾਰ ਮੁਹਿੰਮ ਚਲਾਏ।

ਸਾਡੀ ਆਪ ਜੀ ਨੂੰ ਪੁਰਜ਼ੋਰ ਅਪੀਲ ਹੈ ਕਿ **ਸੰਨ 2012 ਨੂੰ 'ਨਸ਼ਾ ਮੁਕਤ ਸਾਲ' ਘੋਸ਼ਿਤ ਕੀਤਾ ਜਾਵੇ** ਅਤੇ ਪੰਜਾਬ ਦੇ ਵਿੱਚ ਸਾਰੀਆਂ ਗੁਰਦੁਆਰਾ ਕਮੇਟੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੱਤੇ ਜਾਣ ਕਿ ਨਸ਼ਿਆਂ ਦੇ ਖਿਲਾਫ ਜਾਗਰੂਕਤਾ ਫੈਲਾਉਣ ਅਤੇ ਨਸ਼ਿਆਂ ਨੂੰ ਰੋਕਣ ਲਈ ਉਚੇਚੇ ਤੌਰ ਤੇ ਕੰਮ ਕਰਣ।

ਅਕਾਲ ਤਖਤ ਸਾਹਿਬ ਵੱਲੋਂ ਇੱਕ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਜੋ ਕਿ ਇੱਕ ਮਹੀਨੇ ਦੇ ਵਿੱਚ-ਵਿੱਚ ਇੱਕ ਪੂਰੀ ਸਕੀਮ (ਐਕਸ਼ਨ ਪਲਾਨ) ਬਣਾ ਕੇ ਦੇਵੇ ਅਤੇ ਉਸ ਸਕੀਮ (ਐਕਸ਼ਨ ਪਲਾਨ) ਦੇ ਮੁਤਾਬਿਕ ਸਾਰੀਆਂ ਗੁਰਦੁਆਰਾ ਕਮੇਟੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਸ਼ਿਆਂ ਨੂੰ ਰੋਕਣ ਲਈ ਕੰਮ ਕਰਨ।

ਸਾਡੀ ਆਪ ਜੀ ਨੂੰ ਬੇਨਤੀ ਹੈ ਕਿ ਇਹ ਐਕਸ਼ਨ ਪਲਾਨ 'ਖਾਲਸੇ ਦੇ ਜਨਮ ਦਿਹਾੜੇ ਵਿਸ਼ਾਖੀ' ਤੱਕ ਤਿਆਰ ਕਰਕੇ ਲਾਗੂ ਕਰਣ ਦੇ ਆਦੇਸ਼ ਦਿੱਤੇ ਜਾਣ।

ਧੰਨਵਾਦ ਸਹਿਤ ਆਪ ਜੀ ਦੇ ਸੁਭਚਿੰਤਕ

(ਹਰਵਿੰਦਰ ਸਿੰਘ ਫੂਲਕਾ)
ਕਨਵੀਨਰ